# ਹੁਸ਼ਿਆਰਪੁਰ ਬੀ. ਡੀ. ਪੀ. ਓ. ਬਲਾਕ-2 'ਚ 15ਵੇਂ ਵਿੱਤ ਕਮਿਸ਼ਨ 'ਚੋਂ ਕਰੋੜਾਂ ਰੁਪਏ ਗ਼ਬਨ ਹੋਣ ਦਾ ਖ਼ਦਸ਼ਾ

## ਧੀਮਾਨ ਨੇ ਸੂਚਨਾ ਅਧਿਕਾਰ ਐਕਟ ਰਾਹੀਂ ਕੀਤਾ ਖ਼ੁਲਾਸਾ

ਹੁਸ਼ਿਆਰਪੁਰ, 28 ਅਕਤੂਬਰ (ਬਲਜਿੰਦਰਪਾਲ ਸਿੰਘ)-15ਵੇਂ ਵਿੱਤ ਕਮਿਸ਼ਨ ਵਲੋਂ ਕਰੋੜਾਂ ਰੁਪਏ ਪੰਚਾਇਤਾਂ ਦੇ ਵਿਕਾਸ ਕਾਰਜਾਂ ਲਈ ਜਾਰੀ ਕੀਤੇ ਜਾਂਦੇ ਹਨ, ਜਿਸ ਦੀਆਂ ਅਦਾਇਗੀਆਂ ਸਿਰਫ਼ ਆਨਲਾਈਨ ਸੰਬੰਧਿਤ ਕਾਰਜਕਾਰੀ ਏਜੰਸੀਆਂ ਵਲੋਂ ਬੀ. ਡੀ. ਪੀ. ਓਜ਼ ਦੇ ਦਫ਼ਤਰ ਦੇ ਕਰਮਚਾਰੀਆਂ ਵਲੋਂ ਆਨਲਾਈਨ ਕੀਤੀਆਂ ਜਾਂਦੀਆਂ ਹਨ। ਜਿਸ 'ਚ ਕੁਲ ਜਾਰੀ ਕੀਤੀ ਰਾਸ਼ੀ ਦਾ 70 ਫ਼ੀਸਦੀ ਹਿੱਸਾ ਗ੍ਰਾਮ ਪੰਚਾਇਤਾਂ ਰਾਹੀਂ ਅਤੇ 20 ਫ਼ੀਸਦੀ ਹਿੱਸਾ ਪੰਚਾਇਤ ਸੰਮਤੀਆਂ ਰਾਹੀਂ ਤੇ 10 ਫ਼ੀਸਦੀ ਹਿੱਸਾ ਜ਼ਿਲ੍ਹਾ ਪ੍ਰੀਸ਼ਦ ਰਾਹੀਂ ਅਦਾ ਕੀਤਾ ਜਾਂਦਾ ਹੈ। ਸਰਕਾਰ ਦੇ 28 ਅਕਤੂਬਰ 2022 ਨੂੰ ਜਾਰੀ ਕੀਤੇ ਪੱਤਰ ਨੰਬਰ 1273-79 ਦੀਆਂ ਹਦਾਇਤਾਂ ਅਨੁਸਾਰ ਰਾਸ਼ੀ ਖ਼ਰਚ ਕਰਨ ਤੋਂ ਪਹਿਲਾਂ ਵਿਭਾਗੀ ਤਕਨੀਕੀ ਪ੍ਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸੂਚਨਾ ਅਧਿਕਾਰ ਐਕਟ ਰਾਹੀਂ ਹੁਸ਼ਿਆਰਪੁਰ ਬੀ. ਡੀ. ਪੀ. ਓ. ਬਲਾਕ-2 'ਚ ਹੋਏ ਕਰੋੜਾਂ ਦੇ ਗ਼ਬਨ ਦਾ ਖ਼ੁਲਾਸਾ ਕਰਦਿਆਂ ਦੱਸਿਆ ਕਿ ਸਮਰਥ ਅਧਿਕਾਰੀ ਨੇ ਸਾਰੇ ਨਿਯਮਾਂ ਨੂੰ ਦਰਕਿਨਾਰ ਕਰਦਿਆਂ ਤਕਨੀਕੀ ਮਾਹਿਰਾਂ ਤੋਂ ਕੋਈ ਲਿਖਤੀ ਤੌਰ 'ਤੇ ਪ੍ਰਵਾਨਗੀ ਨਹੀਂ ਲਈ ਤੇ ਨਾ ਹੀ ਕਿਸੇ ਵੀ ਠੇਕੇਦਾਰ ਨੂੰ ਕੰਮ ਕਰਨ ਲਈ ਕਿਸੇ ਵੀ ਪੰਚਾਇਤ ਅੰਦਰ ਵਰਕ-ਆਰਡਰ ਨਹੀਂ ਕੱਟਿਆ ਗਿਆ, ਨਾ ਹੀ ਕੰਮ ਕਰਨ ਤੋਂ ਪਹਿਲਾਂ ਕੋਈ ਟੈਂਡਰ ਲਗਾਇਆ ਅਤੇ ਨਾ ਹੀ ਕਿਸੇ ਜੇ. ਈ. ਵਲੋਂ ਮੌਕੇ 'ਤੇ ਹੋਏ ਕੰਮਾਂ ਦਾ ਨਾ ਇੰਦਰਾਜ ਕੀਤਾ ਗਿਆ। ਇਸ ਕਰਕੇ ਬਲਾਕ ਹੁਸ਼ਿਆਰਪੁਰ-2 'ਚ ਕਰੋੜਾਂ ਰੁਪਏ ਦਾ ਘਪਲਾ ਹੋਣ ਦੇ ਸ਼ੰਕੇ ਉਜਾਗਰ ਹੋ ਰਹੇ ਹਨ। ਧੀਮਾਨ ਨੇ ਦੱਸਿਆ ਕਿ ਈ. ਗ੍ਰਾਮ ਸਵਰਾਜ ਐਪ ਤੋਂ ਲਈ ਜਾਣਕਾਰੀ ਅਨੁਸਾਰ ਸਾਲ 2023-24 'ਚ ਸਰਪੰਚ ਅਹੁਦੇ 'ਤੇ ਬਿਰਾਜਮਾਨ ਸਨ। ਜਿਸ 'ਚ 140544261 ਰੁਪਏ ਵੱਖ-ਵੱਖ ਪੰਚਾਇਤਾਂ ਨੇ ਖ਼ਰਚ ਕੀਤੇ ਅਤੇ ਸਾਲ 2024-25 'ਚ ਜਿਸ ਵੇਲੇ ਸਰਕਾਰ ਵਲੋਂ ਪ੍ਰਬੰਧਕ ਨਿਯੁਕਤ ਕੀਤੇ ਸਨ, ਉਨ੍ਹਾਂ ਵਲੋਂ 1 ਮਾਰਚ 2024 ਤੋਂ ਲੈ ਕੇ 30 ਨਵੰਬਰ 2024 ਤੱਕ ਦੇ ਸਮੇਂ ਦੌਰਾਨ 81141380 ਰੁ: ਖ਼ਰਚ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਬਲਾਕ ਦੀਆਂ ਬਹੁਤ ਸਾਰੀਆਂ ਗ੍ਰਾਮ ਪੰਚਾਇਤਾਂ ਦੇ ਦੱਸੇ ਅਨੁਸਾਰ ਪ੍ਰਬੰਧਕਾਂ ਵਲੋਂ ਖ਼ਰਚੀ ਗਈ ਰਾਸ਼ੀ ਦੀ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਅਤੇ ਨਾ ਹੀ ਪੰਚਾਇਤਾਂ ਨੂੰ ਇਸ ਸਮੇਂ ਦਾ ਰਿਕਾਰਡ ਦਿੱਤਾ ਗਿਆ, ਜਿਹੜਾ ਕਿ ਹੋਰ ਭ੍ਰਿਸ਼ਟਾਚਾਰ ਦੇ ਸ਼ੰਕਿਆਂ ਨੂੰ ਪੈਦਾ ਕਰਦਾ ਹੈ। ਉਨ੍ਹਾਂ ਦਸਿਆ ਕਿ ਕੁਲ 2216856-


ਹੁਸ਼ਿਆਰਪੁਰ ਬੀ. ਡੀ. ਪੀ. ਓ. ਬਲਾਕ-2 'ਚ ਹੋਏ ਗ਼ਬਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ। ਤਸਵੀਰ : ਹਮਸ਼ਾਇਨ ਸਟੂਡੀਓ

41 ਖ਼ਰਚ ਹੋਏ, ਪਰ ਤਕਨੀਕੀ ਮਾਹਿਰਾਂ ਵਲੋਂ ਇਸ ਖ਼ਰਚ ਕੀਤੀ ਰਾਸ਼ੀ ਦੀ ਕੋਈ ਵੀ ਮਿਣਤੀ ਕੀਤੀ ਤੇ ਨਾ ਹੀ ਐਮ. ਬੀ. ਲਿਖੀ ਗਈ ਹੈ। ਉਨ੍ਹਾਂ ਕਿਹਾ ਕਿ ਐਨੀ ਵੱਡੀ ਰਕਮ ਖ਼ਰਚ ਹੋਈ, ਪ੍ਰੰਤੂ ਰਾਸ਼ੀ ਦਾ ਕੋਈ ਵੀ ਹਿਸਾਬ-ਕਿਤਾਬ ਨਹੀਂ ਅਤੇ ਨਾ ਹੀ ਸਰਕਾਰ ਇਸ ਸੰਬੰਧੀ ਗ਼ੌਰ ਕਰ ਰਹੀ ਹੈ। ਇੱਥੋਂ ਤੱਕ ਕਿ ਇਹ ਮਾਮਲਾ ਪੇਂਡੂ ਰਾਜ ਅਧਿਕਾਰੀ ਦੇ ਲਿਖਤੀ ਧਿਆਨ ਹੇਠ ਲਿਆਉਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ। ਧੀਮਾਨ ਨੇ ਕਿਹਾ ਕਿ ਸਾਰਾ ਡਾਟਾ ਘੋਖਣ 'ਤੇ ਪਤਾ ਲੱਗਾ ਕਿ ਇਕ ਹੀ ਪੰਚਾਇਤ ਸਕੱਤਰ ਵਲੋਂ ਲਗਪਗ 56954802 ਰੁ: ਖ਼ਰਚ ਕੀਤੇ ਗਏ ਹਨ ਤੇ ਪ੍ਰਬੰਧਕ ਨਾਲ ਮਿਲ ਕੇ 27327907 ਰੁ: ਖ਼ਰਚ ਕੀਤੇ ਵਿਖਾਏ ਅਤੇ ਉਸ ਵਲੋਂ 14048081 ਰੁ: ਇਕ ਠੇਕੇਦਾਰ ਦੇ ਖਾਤੇ ਵਿਚ ਟਰਾਂਸਫ਼ਰ ਕਰ ਦਿੱਤੇ ਗਏ। ਇਸ ਸੰਬੰਧੀ ਵੀ ਕੋਈ ਨਾ ਤਾਂ ਤਕਨੀਕੀ ਪ੍ਰਵਾਨਗੀ ਲਈ ਗਈ ਅਤੇ ਨਾ ਹੀ ਕੋਈ ਵਰਕ ਆਰਡਰ ਹੋਇਆ, ਨਾ ਹੀ ਸਬੰਧਿਤ ਜੇ. ਈ. ਵਲੋਂ ਕੋਈ ਮਿਣਤੀ ਕੀਤੀ ਗਈ। ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਪੰਚਾਇਤਾਂ ਵਿਚੋਂ ਕੁੱਝ ਪੰਚਾਇਤਾਂ ਦਾ ਵੇਰਵਾ ਜਿਸ ਵਿਚ ਪ੍ਰਬੰਧਕ ਅਤੇ ਪੰਚਾਇਤ ਸਕੱਤਰ ਨੇ ਰਲ ਕੇ ਰਾਸ਼ੀ ਤਾਂ ਠੇਕੇਦਾਰ ਦੇ ਖਾਤੇ ਵਿਚ ਪਾ ਦਿੱਤੀ, ਫਿਰ ਲੇਬਰ ਅਤੇ ਰੇਤਾ-ਬਜਰੀ ਦੇ ਪੈਸੇ ਆਪ ਕਢਵਾ ਲਏ। ਜਿਵੇਂ ਕਿ ਸਾਲ 2024-25 'ਚ ਭੂੰਗਰਨੀ ਆਨਲਾਈਨ ਖਰਚਾ 12080049 ਰੁ: ਕੀਤਾ, ਇਸ 'ਚੋਂ 886448 ਠੇਕੇਦਾਰ ਦੇ ਖਾਤੇ ਵਿਚ ਪਾ ਦਿੱਤੇ, ਫਿਰ ਰੇਤਾ ਤੇ ਬਜਰੀ 128500 ਰੁ: ਕਿਸ ਕੰਮ ਲਈ ਖਰੀਦੀ ਗਈ ਅਤੇ 1 ਵਿਅਕਤੀ ਨੂੰ ਲੇਬਰ ਦੀ ਅਦਾਇਗੀ 165100 ਰੁ: ਕਿਸ ਕੰਮ ਲਈ ਕੀਤੀ, ਜਦ ਕਿ ਕੰਮ ਤਾਂ ਠੇਕੇਦਾਰ ਵਲੋਂ ਕਰਵਾਇਆ ਜਾਣਾ ਸੀ, ਫਿਰ ਭੂੰਗਰਨੀ 2023-24 'ਚ 7107405 ਰੁ: ਦੀ ਅਦਾਇਗੀ 'ਚੋਂ 3904816 ਰੁ: ਠੇਕੇਦਾਰ ਨੂੰ ਤਬਦੀਲ ਕਰ ਦਿੱਤੇ ਤੇ ਮਿਣਤੀ ਫਿਰ ਵੀ ਨਹੀਂ ਹੋਈ। ਧੀਮਾਨ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ ਗ੍ਰਾਮ ਪੰਚਾਇਤ ਬੋਹਣ ਨੂੰ ਸਾਲ 2024-25 'ਚ 1381192 ਰੁ: ਦੀ ਅਦਾਇਗੀ ਕੀਤੀ ਗਈ, ਜਿਸ 'ਚ 595133 ਰੁ: ਦੀ ਰੇਤਾ-ਬਜਰੀ ਖਰੀਦੀ ਗਈ ਤੇ 1 ਹੀ ਵਿਅਕਤੀ ਨੂੰ 457500 ਰੁ: ਦੀ ਅਦਾਇਗੀ ਕੀਤੀ ਗਈ, ਜੋ ਕਿ ਸ਼ੰਕਾ ਦਾ ਵਿਸ਼ਾ ਹੈ। ਇਸ 'ਚ ਈ-ਪੰਚਾਇਤ ਦੇ ਕਰਮਚਾਰੀਆਂ ਵਲੋਂ ਵੀ ਖ਼ਰੀਦ ਕੀਤੇ ਗਏ ਮਟੀਰੀਅਲ ਦਾ ਪੂਰਾ ਵੇਰਵਾ ਜਾਣਬੁੱਝ ਕੇ ਐਪ 'ਚ ਅੱਪਲੋਡ ਨਹੀਂ ਕੀਤਾ ਜਾਂਦਾ। ਇਸ ਤੋਂ ਇਲਾਵਾ ਮੇਹਟੀਆਣਾ 'ਚ ਸਾਲ 2024-25 'ਚ 1354451 ਰੁ: 'ਚੋਂ 814000 ਰੁ: ਠੇਕੇਦਾਰ ਦੇ ਖਾਤੇ 'ਚ ਪਾ ਦਿੱਤੇ ਗਏ ਅਤੇ ਹੋਰ ਕੋਈ ਮੈਟੀਰੀਅਲ ਨਹੀਂ ਖ਼ਰੀਦਿਆ ਗਿਆ।

ਇਸੇ ਤਰ੍ਹਾਂ ਰੇਤਾ ਤੇ ਬਜਰੀ ਵਾਲੇ 381950 ਰੁ: ਦੀ ਪੇਮੈਂਟ ਕਰ ਦਿੱਤੀ ਗਈ ਤੇ ਲੇਬਰ ਨੂੰ ਫਿਰ ਪੇਮੈਂਟ 135451 ਰੁ: ਲੇਬਰ ਨੂੰ ਪੇਮੈਂਟ ਕੀਤੀ ਗਈ ਦਰਸਾ ਦਿੱਤੀ। ਇਸੇ ਤਰ੍ਹਾਂ ਅਨੇਕਾਂ ਪੰਚਾਇਤਾਂ 'ਚ ਪ੍ਰਬੰਧਕਾਂ ਅਤੇ ਪੰਚਾਇਤ ਸਕੱਤਰਾਂ ਨੇ ਅਪਣੇ ਹੱਥ-ਰੰਗੇ ਹਨ।

## ਅਣਏਡਿਡ ਅਧਿਆਪਕ ਫ਼ਰੰਟ ਵਲੋਂ ਤਰਨਤਾਰਨ 'ਚ ਰੋਸ ਰੈਲੀ 2 ਨੂੰ

ਹੁਸ਼ਿਆਰਪੁਰ, 28 ਅਕਤੂਬਰ (ਨਰਿੰਦਰ ਸਿੰਘ ਬੱਡਲਾ, ਹਰਪ੍ਰੀਤ ਕੌਰ)-ਅਣਏਡਿਡ ਅਧਿਆਪਕ ਫ਼ਰੰਟ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਨਿਰਭੈ ਸਿੰਘ ਜਹਾਂਗੀਰ ਤੇ ਸੂਬਾ ਮੀਤ ਪ੍ਰਧਾਨ ਸੁਖਚੈਨ ਸਿੰਘ ਜੌਹਲ ਦੀ ਅਗਵਾਈ ਹੇਠ ਹੋਈ, ਜਿਸ 'ਚ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ, ਯੂਨੀਅਨ ਦੀਆਂ ਮੰਗਾਂ ਤੇ ਸੰਘਰਸ਼ ਨੂੰ ਲਗਾਤਾਰ ਅਣਗੌਲਿਆ ਕੀਤੇ ਜਾਣ ਦੀ ਨਿਖੇਧੀ ਕੀਤੀ ਗਈ। ਉਨ੍ਹਾਂ ਕਿਹਾ ਕਿ ਸਰਕਾਰ ਯੂਨੀਅਨ ਦੀਆਂ ਮੰਗਾਂ ਅਤੇ ਮੁਸ਼ਕਿਲਾਂ ਸੰਬੰਧੀ ਬਿਲਕੁਲ ਵੀ ਸੰਜੀਦਾ ਨਹੀਂ, ਬਲਕਿ ਡੰਗ ਟਪਾਊ ਨੀਤੀਆਂ ਨਾਲ ਸਮਾਂ ਬਰਬਾਦ ਕਰ ਰਹੀ ਹੈ। ਇਸ ਮੌਕੇ ਯੂਨੀਅਨ ਨੇ ਸਰਕਾਰ ਵਲੋਂ ਅਪਣਾਈ ਜਾ ਰਹੀ ਇਸ ਮਾਰੂ ਨੀਤੀ ਦਾ ਸਖ਼ਤ ਵਿਰੋਧ ਕਰਨ ਤੇ ਲੋਕਾਂ ਸਾਹਮਣੇ ਸਰਕਾਰ ਦੀਆਂ ਇਨ੍ਹਾਂ ਨੀਤੀਆਂ ਦਾ ਭਾਂਡਾ ਭੰਨਣ ਲਈ ਸਰਬਸੰਮਤੀ ਨਾਲ ਫ਼ੈਸਲਾ ਲਿਆ ਕਿ ਤਰਨਤਾਰਨ 'ਚ ਹੋਣ ਵਾਲੀ ਜ਼ਿਮਨੀ ਚੋਣ 'ਚ ਸਰਕਾਰ ਦਾ ਤਿੱਖਾ ਵਿਰੋਧ ਕਰਨ ਲਈ 2 ਨਵੰਬਰ ਨੂੰ ਪੂਰੇ ਪੰਜਾਬ ਤੋਂ ਯੂਨੀਅਨ ਦੇ ਸਮੂਹ ਮੈਂਬਰ ਵੱਡੀ ਗਿਣਤੀ 'ਚ ਇਕੱਠੇ ਹੋ ਕੇ ਰੋਸ ਰੈਲੀ ਕਰਨਗੇ।


## ਅਪੰਗਤਾ ਵੱਲ ਵਧ ਰਹੇ ਅਧਰੰਗ ਦੇ ਮਰੀਜ਼ ਨੂੰ ਸਿਹਤਯਾਬੀ ਵੱਲ ਲੈ ਜਾਣ 'ਚ ਪੂਰੀ ਤਰ੍ਹਾਂ ਸਮਰੱਥ ਹੈ ਐੱਨ. ਐੱਚ. ਐੱਸ. ਹਸਪਤਾਲ-ਡਾ. ਸੰਦੀਪ ਗੋਇਲ

### ਕਿਉਂਕਿ ਅਧਰੰਗ ਦਾ ਦੌਰਾ ਆਉਣ 'ਤੇ ਮਰੀਜ਼ ਲਈ ਹਰ ਪਲ ਮਾਇਨੇ ਰੱਖਦਾ ਹੈ

12 ਸਾਲਾਂ ਤੋਂ ਵੱਧ ਸਮੇਂ ਤੋਂ ਲਗਾਤਾਰ ਅਧਰੰਗ ਦੇ ਮਰੀਜ਼ਾਂ ਨੂੰ ਇਲਾਜ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਦੇ ਨਾਲ, ਐੱਨ.ਐੱਚ.ਐੱਸ. ਹਸਪਤਾਲ ਇਸ ਖੇਤਰ 'ਚ ਇਕ ਭਰੋਸੇਯੋਗ ਨਾਮ ਬਣ ਗਿਆ ਹੈ, ਜੋ ਨਾ ਸਿਰਫ਼ ਆਪਣੀ ਤਕਨਾਲੋਜੀ ਲਈ ਸਗੋਂ ਆਪਣੇ ਟੀਮ ਵਰਕ ਅਤੇ ਹਮਦਰਦੀ ਵਾਲੀ ਦੇਖਭਾਲ ਲਈ ਵੀ ਜਾਣਿਆ ਜਾਂਦਾ ਹੈ। ਖੇਤਰ 'ਚ ਅਧਰੰਗ ਦੇ ਇਲਾਜ ਲਈ ਆਪਣੀ ਵੱਖਰੀ ਪਛਾਣ ਬਣਾ ਚੁੱਕੇ ਐੱਨ.ਐੱਚ.ਐੱਸ. ਹਸਪਤਾਲ 'ਚ ਹੁਣ ਹੋਰ ਵੀ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ, ਜਿਸ ਤਹਿਤ ਜਦੋਂ ਅਧਰੰਗ ਦਾ ਦੌਰਾ ਆਉਣ ਤੋਂ ਬਾਅਦ ਕੋਈ ਮਰੀਜ਼ ਹਸਪਤਾਲ ਪਹੁੰਚਦਾ ਹੈ, ਤਾਂ ਉਸ ਨੂੰ ਤੁਰੰਤ ਇਲਾਜ ਲਈ ਸਥਾਪਿਤ ਕੀਤੇ ਵਿਸ਼ੇਸ਼ ਆਈ.ਸੀ.ਯੂ. 'ਚ ਲੈ ਜਾਇਆ ਜਾਂਦਾ ਹੈ, ਜਿਸ 'ਚ ਅਧਰੰਗ ਪ੍ਰਬੰਧਨ ਦੀ ਪ੍ਰਕਿਰਿਆ ਕੇਵਲ ਇਕ ਹੀ ਡਾਕਟਰ 'ਤੇ ਆਧਾਰਿਤ ਨਾ ਹੋ ਕੇ, ਸਗੋਂ ਇਹ ਹਸਪਤਾਲ 'ਚ ਸਥਾਪਿਤ ਕੀਤੀ ਗਈ ਇਕ ਪੂਰੀ ਪ੍ਰਣਾਲੀ ਹੈ, ਜਿਸ ਤਹਿਤ ਅੱਠ ਨਿਊਰੋਲੋਜਿਸਟਾਂ, ਨਿਊਰੋ ਸਰਜਨਾਂ ਅਤੇ ਨਿਊਰੋ-ਐਨੇਸਥੇਟਿਸਟਾਂ ਦੀ ਟੀਮ ਜੋ ਆਪਸੀ-ਤਾਲਮੇਲ ਨਾਲ ਇਕਸੁਰਤਾ 'ਚ ਕੰਮ ਕਰਦੇ ਹਨ। ਉਨ੍ਹਾਂ ਦੁਆਰਾ ਹਫ਼ਤੇ ਦੇ ਸੱਤੋ ਦਿਨ 24 ਘੰਟੇ ਇਲਾਜ ਦੀ ਸਹੂਲਤ ਉਪਲਬਧ ਕੀਤੀ ਗਈ ਹੈ, ਜਿਸ ਨਾਲ ਹੁਣ ਤੱਕ ਐੱਨ. ਐੱਚ. ਐੱਸ. ਹਸਪਤਾਲ 'ਚ ਹਜ਼ਾਰਾਂ ਮਰੀਜ਼ਾਂ ਦਾ ਪੁਨਰਵਾਸ ਸੰਭਵ ਹੋ ਸਕਿਆ ਹੈ।

**★ ਹਸਪਤਾਲ ਦਾ ਫ਼ਲਸਫ਼ਾ ਅਪੰਗਤਾ ਨੂੰ ਘਟਾਉਣਾ**

ਡਾ. ਸੰਦੀਪ ਗੋਇਲ, ਡਾਇਰੈਕਟਰ ਅਤੇ ਸੀਨੀਅਰ ਨਿਊਰੋਲੋਜਿਸਟ (ਡੀ.ਐੱਮ., ਨਿਊਰੋਲੋਜੀ), ਦਾ ਕਹਿਣਾ ਹੈ ਕਿ ਐੱਨ.ਐੱਚ.ਐੱਸ. ਹਸਪਤਾਲ 'ਚ ਧਿਆਨ ਸਿਰਫ਼ ਡਾਕਟਰੀ ਸਫ਼ਲਤਾ 'ਤੇ ਹੀ ਨਹੀਂ, ਸਗੋਂ ਮਰੀਜ਼ ਦੀ ਆਮ ਜ਼ਿੰਦਗੀ 'ਚ ਵਾਪਸ ਆਉਣ ਦੀ ਯੋਗਤਾ 'ਤੇ ਵੀ ਹੁੰਦਾ ਹੈ। ਟੀਮ ਇਹ ਮੰਨਦੀ ਹੈ ਕਿ ਜਦੋਂ ਇਕ ਵਿਅਕਤੀ ਨੂੰ ਅਧਰੰਗ ਹੁੰਦਾ ਹੈ, ਤਾਂ ਪੂਰਾ ਪਰਿਵਾਰ ਭਾਵਨਾਤਮਕ, ਸਰੀਰਕ ਅਤੇ ਵਿੱਤੀ ਤੌਰ 'ਤੇ ਪ੍ਰਭਾਵਿਤ ਹੁੰਦਾ ਹੈ। ਇਸੇ ਲਈ ਹਸਪਤਾਲ ਦਾ ਫ਼ਲਸਫ਼ਾ ਅਪੰਗਤਾ ਨੂੰ ਘਟਾਉਣ ਅਤੇ ਮਰੀਜ਼ ਦੇ ਮਾਣ-ਸਨਮਾਨ ਨੂੰ ਬਹਾਲ ਕਰਨ 'ਤੇ ਕੇਂਦ੍ਰਿਤ ਹੈ। ਉਨ੍ਹਾਂ ਦਾ ਟੀਚਾ, ਅਧਰੰਗ ਦੇ ਹਰ ਮਰੀਜ਼ ਨੂੰ ਹਸਪਤਾਲ ਤੋਂ ਬਾਹਰ ਸੁਤੰਤਰ ਅਤੇ ਸਿਹਤਯਾਬ ਹੋ ਕੇ ਨਿਕਲਣ ਦਾ ਸਭ ਤੋਂ ਵਧੀਆ ਮੌਕਾ ਦੇਣਾ ਹੈ।

**★ ਅਧਰੰਗ ਦੇ ਮਰੀਜ਼ ਲਈ ਸਮਾਂ ਹੀ ਸਭ ਕੁੱਝ**

ਡਾ. ਨਵੀਨ ਚਿਤਕਾਰਾ (ਡਾਇਰੈਕਟਰ ਅਤੇ ਨਿਊਰੋ ਸਰਜਨ, ਐੱਮ. ਸੀ. ਐੱਚ ਨਿਊਰੋਸਰਜਰੀ) ਕਹਿੰਦੇ ਹਨ, ਕਿ ਜਿਸ ਪਲ ਇਕ ਅਧਰੰਗ ਦਾ ਮਰੀਜ਼ ਹਸਪਤਾਲ ਦੀ ਐਮਰਜੈਂਸੀ 'ਚ ਪਹੁੰਚਦਾ ਹੈ, ਉਨ੍ਹਾਂ ਦੀ ਟੀਮ ਨੂੰ ਬਿਲਕੁਲ ਪਤਾ ਹੁੰਦਾ ਹੈ, ਕਿ ਕੀ ਕਰਨਾ ਹੈ। ਉਹ ਤੁਰੰਤ ਬਿਮਾਰੀ ਦਾ ਮੁਲਾਂਕਣ, ਸਕੈਨ ਅਤੇ ਇਲਾਜ ਸ਼ੁਰੂ ਕਰਦੇ ਹਨ। ਇਸ ਤਰ੍ਹਾਂ ਹਰ ਬਚਾਇਆ ਗਿਆ ਪਲ ਲੱਖਾਂ ਦਿਮਾਗੀ ਸੈੱਲਾਂ ਨੂੰ ਸੁਰੱਖਿਅਤ ਰੱਖਦਾ ਹੈ। ਡਾ. ਚਿਤਕਾਰਾ ਨੇ ਕਿਹਾ ਕਿ ਜਦੋਂ ਅਧਰੰਗ ਦੀ ਗੱਲ ਆਉਂਦੀ ਹੈ, ਤਾਂ ਸਮਾਂ ਸਿਰਫ਼ ਮਹੱਤਵਪੂਰਨ ਹੀ ਨਹੀਂ ਹੁੰਦਾ, ਸਗੋਂ ਸਭ ਕੁਝ ਹੁੰਦਾ ਹੈ। ਹਰ ਲੰਘਦਾ ਪਲ ਸਿਹਤਯਾਬੀ ਅਤੇ ਅਪੰਗਤਾ, ਜਾਂ ਇਥੋਂ ਤੱਕ ਕਿ ਜ਼ਿੰਦਗੀ ਅਤੇ ਮੌਤ 'ਚ ਅੰਤਰ ਦਾ ਅਰਥ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਐੱਨ. ਐੱਚ. ਐੱਸ. ਹਸਪਤਾਲ ਮਰੀਜ਼ ਦੇ ਆਉਣ ਤੋਂ ਲੈ ਕੇ ਪੁਨਰਵਾਸ ਤੱਕ ਹਰ ਕਿਸਮ ਦੀ ਅਧਰੰਗ ਐਮਰਜੈਂਸੀ ਨੂੰ ਸੰਭਾਲਣ ਲਈ ਤਕਨੀਕੀ ਅਤੇ ਕਲੀਨਿਕਲ ਤੌਰ 'ਤੇ ਪੂਰੀ ਤਰ੍ਹਾਂ ਲੈਸ ਹੈ। ਇਲਾਜ ਲਈ ਸਲਾਹਕਾਰਾਂ 'ਚ 70 ਸਾਲਾਂ ਤੋਂ ਵੱਧ ਸਮੂਹਿਕ ਤਜਰਬਾ ਅਤੇ ਇਕ ਦਹਾਕੇ ਤੋਂ ਵੱਧ ਸਮਰਪਿਤ ਅਧਰੰਗ ਦੀ ਦੇਖਭਾਲ ਦੇ ਨਾਲ, ਐੱਨ. ਐੱਚ. ਐੱਸ. ਹਸਪਤਾਲ ਨੇ ਨਿਊਰੋਸਾਇੰਸ 'ਚ ਉੱਤਮਤਾ ਲਈ ਖੇਤਰੀ ਮਾਪਦੰਡ ਸਥਾਪਤ ਕੀਤਾ ਹੈ।

**★ ਮਰੀਜ਼ ਦੀ ਸਿਹਤਯਾਬੀ ਲਈ ਸਮੇਂ ਦੇ ਵਿਰੁੱਧ ਦੌੜ**

ਡਾ. ਗੋਇਲ ਨੇ ਕਿਹਾ ਕਿ ਪਹਿਲਾਂ ਅਧਰੰਗ ਦੇ ਮਰੀਜ਼ ਨੂੰ ਜਾਂਚ ਅਤੇ ਇਲਾਜ ਸ਼ੁਰੂ ਹੋਣ ਤੱਕ ਲਗਦੇ ਸਮੇਂ ਨਾਲ ਸ਼ੁਰੂਆਤੀ ਕੀਮਤੀ ਪਲਾਂ ਦਾ ਦਿਮਾਗ ਨੂੰ ਅਕਸਰ ਨਾ ਪੂਰਾ ਹੋਣ ਵਾਲਾ ਨੁਕਸਾਨ ਹੁੰਦਾ ਸੀ, ਪਰ ਐੱਨ.ਐੱਚ.ਐੱਸ. ਹਸਪਤਾਲ ਨੇ ਉਸ ਕਹਾਣੀ ਨੂੰ ਬਦਲ ਦਿੱਤਾ ਹੈ। ਇਹ ਇਸ ਖੇਤਰ ਦਾ ਪਹਿਲਾ ਹਸਪਤਾਲ ਬਣ ਗਿਆ ਹੈ, ਜਿਸ ਨੇ ਐਮਰਜੈਂਸੀ ਵਿਭਾਗ ਦੇ ਅੰਦਰ ਹੀ ਸੀ. ਟੀ. ਅਤੇ ਐੱਮ. ਆਰ. ਆਈ. ਸਕੈਨਰ ਲਗਾਏ, ਜਿਸ ਨਾਲ ਮਰੀਜ਼ਾਂ ਨੂੰ ਇਕ ਤੋਂ ਦੂਸਰੀ ਜਗ੍ਹਾ ਲੈ ਜਾਣ 'ਚ ਅਕਸਰ ਹੋਣ ਵਾਲੀ ਦੇਰੀ ਖ਼ਤਮ ਹੋ ਗਈ। ਇੱਥੇ, ਮਰੀਜ਼ ਦੇ ਆਉਣ ਅਤੇ ਗਤਲਾ ਨਸ਼ਟ (ਕਲੌਟ ਬਸਟਿੰਗ) ਕਰਨ ਦੀ ਦਵਾਈ ਦੇਣ ਦੀ ਪ੍ਰਕਿਰਿਆ ਦੇ ਵਿਚਕਾਰ 'ਦਰਵਾਜ਼ੇ ਤੋਂ ਸੂਈ ਲਗਾਉਣ ਤੱਕ' ਦਾ ਸਮਾਂ ਲਗਭਗ ਨਾ-ਮਾਤਰ ਹੈ। ਇਸ ਤਰ੍ਹਾਂ ਇਲਾਜ ਦੀ ਪ੍ਰਕਿਰਿਆ ਬਿਮਾਰੀ ਦੇ ਮਾੜੇ ਪ੍ਰਭਾਵ ਦੀ ਗਤੀ ਤੋਂ ਵਿਰੁੱਧ ਚੱਲਣੀ ਸ਼ੁਰੂ ਹੋ ਜਾਂਦੀ ਹੈ।

**★ ਹਰ ਕਦਮ 'ਤੇ ਉੱਨਤ ਤਕਨਾਲੋਜੀ**

ਤੇਜ਼ ਗਤੀ 'ਚ ਇਲਾਜ ਕਰਨ ਦੇ ਨਾਲ-ਨਾਲ ਐੱਨ. ਐੱਚ. ਐੱਸ. ਹਸਪਤਾਲ ਸ਼ੁੱਧਤਾ 'ਤੇ ਵੀ ਮਾਣ ਕਰਦਾ ਹੈ। ਹਸਪਤਾਲ ਦੀ 3-ਡੀ ਫਲੈਟ-ਪੈਨਲ ਕੈਥ ਲੈਬ ਇਕ ਤਕਨੀਕੀ ਚਮਤਕਾਰ ਹੈ - ਮਕੈਨੀਕਲ ਥ੍ਰੋਮਬੈਕਟੋਮੀ (ਬਲਾਕਡ ਧਮਨੀਆਂ ਤੋਂ ਥੱਕੇ ਹਟਾਉਣਾ) ਅਤੇ ਦਿਮਾਗ ਦੇ ਐਨਿਉਰਿਜ਼ਮ (ਛੋਟੇ ਗੁਬਾਰੇ ਵਰਗੀਆਂ ਸੋਜਾਂ ਜੋ ਫਟ ਸਕਦੀਆਂ ਹਨ ਅਤੇ ਖ਼ੂਨ ਵਹਿ ਸਕਦਾ ਹੈ) ਵਰਗੀਆਂ ਗੁੰਝਲਦਾਰ ਨਿਊਰੋ ਇੰਟਰਵੈਂਸ਼ਨਲ ਪ੍ਰਕਿਰਿਆਵਾਂ ਲਈ 3-ਡੀ ਇਮੇਜਿੰਗ ਇਹ ਯਕੀਨੀ ਬਣਾਉਂਦੀ ਹੈ, ਕਿ ਕੋਆਇਲ ਅਤੇ ਕੈਥੀਟਰ ਮਿਲੀਮੀਟਰ ਸ਼ੁੱਧਤਾ ਨਾਲ ਰੱਖੇ ਗਏ ਹਨ, ਜੋ ਸੁਰੱਖਿਆ ਅਤੇ ਨਤੀਜਿਆਂ ਦੋਵਾਂ 'ਚ ਸੁਧਾਰ ਕਰਦੇ ਹਨ। ਡਾ. ਗੋਇਲ ਦਾ ਕਹਿਣਾ ਹੈ ਕਿ 'ਇਸ ਆਧੁਨਿਕ ਤਕਨਾਲੋਜੀ ਨਾਲ ਉਹ ਜੋ ਸ਼ੁੱਧਤਾ ਪ੍ਰਾਪਤ ਕਰਦੇ ਹਨ, ਉਹ ਸ਼ਾਨਦਾਰ ਹੈ, ਜੋ ਮਰੀਜ਼ ਦੀ ਸਿਹਤਯਾਬੀ ਨੂੰ ਯਕੀਨੀ ਬਣਾਉਂਦਾ ਹੈ।

**★ ਪਹਿਲੇ ਦਿਨ ਤੋਂ ਸ਼ੁਰੂ ਹੋ ਜਾਂਦਾ ਹੈ ਪੁਨਰਵਾਸ**

14 ਫਿਜ਼ੀਓਥੈਰੇਪਿਸਟਾਂ ਦੀ ਇਕ ਟੀਮ, ਜਿਸ 'ਚ ਨਿਊਰੋ-ਫਿਜ਼ੀਓਥੈਰੇਪਿਸਟ ਵੀ ਸ਼ਾਮਲ ਹਨ, ਆਈ.ਸੀ.ਯੂ. ਦੇ ਅੰਦਰ ਹੀ ਮਰੀਜ਼ਾਂ ਨਾਲ ਕੰਮ ਕਰਨਾ ਸ਼ੁਰੂ ਕਰ ਦਿੰਦੀ ਹੈ। ਜਟਿਲਤਾਵਾਂ ਨੂੰ ਰੋਕਣ ਅਤੇ ਗਤੀਸ਼ੀਲਤਾ ਨੂੰ ਬਹਾਲ ਕਰਨ ਲਈ ਸ਼ੁਰੂਆਤੀ ਗਤੀਸ਼ੀਲਤਾ ਅਤੇ ਥੈਰੇਪੀ ਬਹੁਤ ਜ਼ਰੂਰੀ ਹੈ। ਡਾ. ਗੋਇਲ ਕਹਿੰਦੇ ਹਨ, 'ਉਹ ਮਰੀਜ਼ ਦੇ ਆਈ. ਸੀ. ਯੂ. ਤੋਂ ਬਾਹਰ ਜਾਣ ਦੀ ਉਡੀਕ ਨਹੀਂ ਕਰਦੇ' 'ਪੁਨਰਵਾਸ ਪਹਿਲੇ ਦਿਨ ਤੋਂ ਹੀ ਸ਼ੁਰੂ ਹੁੰਦਾ ਹੈ'। ਇਹ ਇਕ ਟੀਮ ਯਤਨ ਹੈ, ਜਿਸਦਾ ਉਦੇਸ਼ ਮਰੀਜ਼ਾਂ ਨੂੰ ਉਨ੍ਹਾਂ ਦੀ ਆਜ਼ਾਦੀ ਵਾਪਸ ਦੇਣਾ ਹੈ'

**ਐੱਨ. ਐੱਚ. ਐੱਸ. ਹਸਪਤਾਲ**
ਸਾਹਮਣੇ ਸਪੋਰਟਸ ਕਾਲਜ, ਕਪੂਰਥਲਾ ਰੋਡ, ਜਲੰਧਰ ਸ਼ਹਿਰ
ਐਮਰਜੈਂਸੀ 81969 46333 ਐਂਬੂਲੈਂਸ 77106 46333



ਸਰਕਾਰ ਖਿਲਾਫ ਲਗਾਏ ਰੋਸ ਧਰਨੇ ਦੌਰਾਨ ਨਾਅਰੇਬਾਜ਼ੀ ਕਰਦੇ ਹੋਏ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਪੀ. ਐਸ. ਘੁੰਮਣ, ਐਡਵੋਕੇਟ ਰਣਜੀਤ ਕੁਮਾਰ ਕਿਟੀ ਤੇ ਹੋਰ। ਤਸਵੀਰ : ਹਮਸ਼ਾਇਨ ਸਟੂਡੀਓ

**'ਅਜੀਤ' ਉਪ ਦਫ਼ਤਰਾਂ ਦਾ ਪਤਾ ਤੇ ਸੰਪਰਕ ਨੰਬਰ**

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰਾਂ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

**ਹੁਸ਼ਿਆਰਪੁਰ**
ਸ. ਬਲਜਿੰਦਰਪਾਲ ਸਿੰਘ
ਦੂਜੀ ਮੰਜ਼ਿਲ, ਬਡਵਾਲ ਪਲਾਜ਼ਾ — 98145-41304
ਨਜ਼ਦੀਕ ਬੱਸ ਸਟੈਂਡ, ਸਾਹਮਣੇ — 01882-256375
ਨੰਦਾ ਨਰਸਿੰਗ ਹੋਮ — 500375

**ਮੁਕੇਰੀਆਂ**
ਸ. ਐਨ.ਐਸ. ਰਾਮਗੜ੍ਹੀਆ — 98721-14921
ਪਹਿਲੀ ਮੰਜ਼ਿਲ, ਮੰਗਲ ਮਾਰਕੀਟ — 01883-246563
ਨਜ਼ਦੀਕ ਮਾਤਾ ਰਾਣੀ ਚੌਕ, ਤਲਵਾੜਾ ਰੋਡ

## ਹੁਸ਼ਿਆਰਪੁਰ ਜ਼ਿਲ੍ਹੇ ਦੇ ਇਲਾਕੇ ਨੂੰ ਸ੍ਰੀ ਅਨੰਦਪੁਰ ਸਾਹਿਬ ਨਾਲ ਜੋੜਨ ਦੇ ਵਿਰੋਧ 'ਚ ਜ਼ਿਲ੍ਹਾ ਬਾਰ ਐਸੋਸੀਏਸ਼ਨ ਵਲੋਂ ਰੋਸ ਧਰਨਾ

ਹੁਸ਼ਿਆਰਪੁਰ, 28 ਅਕਤੂਬਰ (ਬਲਜਿੰਦਰਪਾਲ ਸਿੰਘ)-ਹੁਸ਼ਿਆਰਪੁਰ ਦੇ ਕਸਬਾ ਗੜ੍ਹਸ਼ੰਕਰ ਦੇ ਇਲਾਕੇ ਨੂੰ ਸਰਕਾਰ ਵਲੋਂ ਨਵੇਂ ਬਣਨ ਵਾਲੇ ਪ੍ਰਸਤਾਵਿਤ ਜ਼ਿਲ੍ਹੇ ਸ੍ਰੀ ਅਨੰਦਪੁਰ ਸਾਹਿਬ ਨਾਲ ਜੋੜੇ ਜਾਣ ਦੇ ਵਿਰੋਧ 'ਚ ਜ਼ਿਲ੍ਹਾ ਕਚਹਿਰੀਆਂ ਸਾਹਮਣੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਪੀ. ਐਸ. ਘੁੰਮਣ ਦੀ ਅਗਵਾਈ 'ਚ ਵਕੀਲ ਭਾਈਚਾਰੇ ਵਲੋਂ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ।

> **ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ-ਐਡਵੋਕੇਟ ਪੀ. ਐਸ. ਘੁੰਮਣ**

ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਪੀ. ਐਸ. ਘੁੰਮਣ ਨੇ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਪਹਿਲਾਂ ਹੀ ਬਹੁਤ ਤੋੜਿਆ ਗਿਆ ਹੈ ਤੇ ਹੁਣ ਇਕ ਵਾਰੀ ਫਿਰ ਤੋਂ ਪੰਜਾਬ ਸਰਕਾਰ ਵਲੋਂ ਚੁੱਪ ਚੁਪੀਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਗੜ੍ਹਸ਼ੰਕਰ ਦੇ ਕੁੱਝ ਇਲਾਕੇ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਤੋਂ ਤੋੜ ਕੇ ਅਨੰਦਪੁਰ ਸਾਹਿਬ ਨਾਲ ਜੋੜਨ ਦਾ ਪ੍ਰਸਤਾਵ ਹੈ, ਜਿਸ ਦਾ ਉਹ ਤਿੱਖਾ ਵਿਰੋਧ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਸ੍ਰੀ ਅਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਦਾ ਸਵਾਗਤ ਕਰਦੇ ਹਨ ਪਰ ਇਸ ਗੱਲ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਕਿ ਸਰਕਾਰ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਛੋਟਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਜੇਕਰ ਅਜਿਹਾ ਕਦਮ ਚੁੱਕਦੀ ਹੈ ਤਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਵਾਸੀ ਇਸ ਦਾ ਜ਼ੋਰਦਾਰ ਵਿਰੋਧ ਕਰਨ ਲਈ ਮਜਬੂਰ ਹੋਣਗੇ। ਐਡਵੋਕੇਟ ਘੁੰਮਣ ਨੇ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਛੋਟਾ ਕਰਨ ਨਾਲ ਵਕੀਲ ਭਾਈਚਾਰੇ ਨੂੰ ਸਭ ਤੋਂ ਵੱਧ ਨੁਕਸਾਨ ਹੋਵੇਗਾ। ਇਸ ਮੌਕੇ ਜਨਰਲ ਸਕੱਤਰ ਐਡਵੋਕੇਟ ਨਵਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਸਰਕਾਰ ਨੂੰ ਅਜਿਹੇ ਕੰਮ ਨਹੀਂ ਕਰਨੇ ਚਾਹੀਦੇ, ਜਿਸ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ ਤੇ ਉਨ੍ਹਾਂ ਨੂੰ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨ ਲਈ ਮਜਬੂਰ ਹੋਣਾ ਪਵੇ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਨਾਲੋਂ ਰਕਬਾ ਤੋੜੇ ਜਾਣ ਦਾ ਐਸੋਸੀਏਸ਼ਨ ਸਖ਼ਤ ਵਿਰੋਧ ਕਰਦੀ ਹੈ ਤੇ ਜੇਕਰ ਇਸ ਨੂੰ ਰੋਕਿਆ ਨਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਐਡਵੋਕੇਟ ਰਣਜੀਤ ਕੁਮਾਰ ਕਿੱਟੀ, ਐਡਵੋਕੇਟ ਗੁਰਬੀਰ ਸਿੰਘ ਚੌਟਾਲਾ, ਐਡਵੋਕੇਟ ਆਰ. ਪੀ. ਧੀਰ, ਐਡਵੋਕੇਟ ਰਾਕੇਸ਼ ਮਰਵਾਹਾ, ਐਡਵੋਕੇਟ ਡੀ. ਐਸ. ਬਾਗ਼ੀ, ਐਡਵੋਕੇਟ ਵੀ. ਕੇ. ਮੈਨਨ, ਐਡਵੋਕੇਟ ਸ਼ਮਸ਼ੇਰ ਭਾਰਦਵਾਜ, ਐਡਵੋਕੇਟ ਸੂਰਜ ਸਿੰਘ, ਐਡਵੋਕੇਟ ਧਰਮਿੰਦਰ ਦਾਦਰਾ ਸਮੇਤ ਹੋਰ ਵਕੀਲ ਭਾਈਚਾਰਾ ਵੀ ਹਾਜ਼ਰ ਸੀ।

## ਸੜਕ ਹਾਦਸੇ 'ਚ ਜ਼ਖ਼ਮੀ ਦੀ ਇਲਾਜ ਦੌਰਾਨ ਮੌਤ

ਹੁਸ਼ਿਆਰਪੁਰ, 28 ਅਕਤੂਬਰ (ਬਲਜਿੰਦਰਪਾਲ ਸਿੰਘ)-ਸੜਕ ਦੁਰਘਟਨਾ 'ਚ ਜ਼ਖ਼ਮੀ ਹੋਏ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਗਈ। ਥਾਣਾ ਸਦਰ ਦੀ ਪੁਲਿਸ ਨੇ ਕਥਿਤ ਦੋਸ਼ੀ ਨੂੰ ਨਾਮਜ਼ਦ ਕਰਕੇ ਮਾਮਲਾ ਦਰਜ ਕਰ ਲਿਆ ਹੈ। ਬੁੱਲ੍ਹੋਵਾਲ ਦੇ ਵਾਸੀ ਰਾਕੇਸ਼ ਕੁਮਾਰ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਭਰਾ ਪ੍ਰਮੋਦ ਕੁਮਾਰ ਟਿਫ਼ਨ ਸਪਲਾਈ ਕਰਨ ਦਾ ਕੰਮ ਕਰਦਾ ਹੈ। ਉਸ ਦੇ ਮੁਤਾਬਿਕ 26 ਅਕਤੂਬਰ ਨੂੰ ਉਸ ਦਾ ਭਰਾ ਅਸਲਾਬਾਦ ਵਿਖੇ ਸੜਕ ਕਿਨਾਰੇ ਖੜ੍ਹਾ ਸੀ। ਇਸ ਦੌਰਾਨ ਉਥੋਂ ਦੀ ਲੰਘ ਰਹੇ ਇਕ ਵਾਹਨ ਚਾਲਕ ਨੇ ਉਸ ਦੇ ਭਰਾ ਨੂੰ ਆਪਣੀ ਲਪੇਟ 'ਚ ਲੈ ਲਿਆ। ਜ਼ਖ਼ਮੀ ਹਾਲਤ 'ਚ ਉਸ ਦੇ ਭਰਾ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ। ਜਿਥੇ ਡਾਕਟਰਾਂ ਨੇ ਉਸ ਦੀ ਹਾਲਤ ਨੂੰ ਦੇਖਦੇ ਹੋਏ ਨਿੱਜੀ ਹਸਪਤਾਲ 'ਚ ਦਾਖਲ ਕਰਵਾ ਦਿੱਤਾ, ਜਿਥੇ ਇਲਾਜ ਦੌਰਾਨ ਉਸ ਦੇ ਭਰਾ ਦੀ ਮੌਤ ਹੋ ਗਈ। ਪੁਲਿਸ ਨੇ ਕਥਿਤ ਦੋਸ਼ੀ ਓਮ ਪ੍ਰਕਾਸ਼ ਵਾਸੀ ਡੱਲੇਵਾਲ ਨੂੰ ਨਾਮਜ਼ਦ ਕਰਕੇ ਮਾਮਲਾ ਦਰਜ ਕਰ ਲਿਆ ਹੈ।


ਸਿੰਗਲ ਯੂਜ਼ ਪਲਾਸਟਿਕ ਤੇ ਕੂੜਾ ਸੁੱਟਣ ਸੰਬੰਧੀ ਚੈਕਿੰਗ ਦੌਰਾਨ ਚਲਾਨ ਕੱਟਦੇ ਹੋਏ ਨਗਰ ਨਿਗਮ ਦੇ ਸੈਨੇਟਰੀ ਇੰਸਪੈਕਟਰ ਸੰਜੀਵ ਕੁਮਾਰ ਨਾਹਰ ਤੇ ਹੋਰ। ਤਸਵੀਰ : ਹਮਸ਼ਾਇਨ ਸਟੂਡੀਓ

## ਸਿੰਗਲ ਯੂਜ਼ ਪਲਾਸਟਿਕ ਤੇ ਕੂੜਾ ਸੁੱਟਣ ਸੰਬੰਧੀ ਨਿਗਮ ਵਲੋਂ ਚੈਕਿੰਗ

ਹੁਸ਼ਿਆਰਪੁਰ, 28 ਅਕਤੂਬਰ (ਬਲਜਿੰਦਰਪਾਲ ਸਿੰਘ, ਹਰਪ੍ਰੀਤ ਕੌਰ)-ਨਗਰ ਨਿਗਮ ਕਮਿਸ਼ਨਰ ਜਯੋਤੀ ਬਾਲਾ ਮੱਟੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿੰਗਲ-ਯੂਜ਼ ਪਲਾਸਟਿਕ ਦੀ ਵਰਤੋਂ ਤੇ ਵਿਕਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ, ਤਾਂ ਜੋ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਇਸ ਤਹਿਤ ਨਿਗਮ ਦੇ ਸੈਨੇਟਰੀ ਇੰਸਪੈਕਟਰ ਸੰਜੀਵ ਕੁਮਾਰ ਨਾਹਰ ਨੇ ਆਪਣੀ ਪੈਟਰੋਲਿੰਗ ਟੀਮ ਨਾਲ ਸਵੇਰੇ ਸ਼ਹਿਰ ਦੇ ਮੁੱਖ ਬਾਜ਼ਾਰਾਂ ਤੇ ਮੁੱਖ ਖੇਤਰਾਂ 'ਚ ਸਿੰਗਲ ਯੂਜ਼ ਪਲਾਸਟਿਕ ਦੀ ਵਿਕਰੀ, ਵਰਤੋਂ ਤੇ ਕੂੜਾ ਸੁੱਟਣ ਵਿਰੁੱਧ ਚੈਕਿੰਗ ਕੀਤੀ। ਇਸ ਦੌਰਾਨ ਕਾਰਵਾਈ ਕਰਦੇ ਹੋਏ ਅਧਿਕਾਰੀ ਨੇ ਸ਼ਹਿਰ 'ਚ ਕੂੜਾ ਸੁੱਟਣ ਲਈ 2 ਚਲਾਨ ਤੇ ਸਿੰਗਲ ਯੂਜ਼ ਪਲਾਸਟਿਕ ਨਾਲ ਸਬੰਧਿਤ 4 ਚਲਾਨ (ਕੁੱਲ 6 ਚਲਾਨ) ਜਾਰੀ ਕੀਤੇ ਅਤੇ ਸਿੰਗਲ ਯੂਜ਼ ਪਲਾਸਟਿਕ ਦੀਆਂ ਚੀਜ਼ਾਂ ਨੂੰ ਮੌਕੇ 'ਤੇ ਜ਼ਬਤ ਕਰ ਲਿਆ। ਇਸ ਦੇ ਨਾਲ ਹੀ ਕਮਿਸ਼ਨਰ ਨਗਰ ਨਿਗਮ ਵਲੋਂ ਸਾਰੇ ਨਾਗਰਿਕਾਂ ਨੂੰ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਅਪੀਲ ਕੀਤੀ ਗਈ ਹੈ, ਤਾਂ ਜੋ ਹੁਸ਼ਿਆਰਪੁਰ ਸ਼ਹਿਰ ਨੂੰ ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਇਆ ਜਾ ਸਕੇ।


**DOABA INSTITUTE OF NURSING**
PANDORI KHAJOOR, HOSHIARPUR

**Notice**

It is informed that the Process for semi-online Counselling for leftover seats for Doaba Institute of Nursing will be conducted at Institute level as per following schedule.

| Doaba Institute of Nursing Pandori Khajoor, Hsp. | Date 29-10-25/31-10-25 |
|---|---|

Contact. 9855909755, 8872600755
Email id -dionhsp@gmail.com

RAYAT BAHRA PROFESSIONAL UNIVERSITY
HOSHIARPUR
www.rbpu.in

UNIVERSITY SCHOOL OF LAW
APPROVED BY BAR COUNCIL OF INDIA, NEW DELHI

GREAT NEWS! SEATS INCREASED in
LLB 3 YEARS | BA LLB 5 YEARS | LLM 1 YEAR
at Rayat-Bahra Professional University, Hoshiarpur.
Grab your seat now and build your career in Law with one of the most reputed universities in Punjab!
Helplines: 99884-00354, 99884-01864, 83606-28189, 90413-45345



